ਜਨਵਰੀ 2021

## ਟੀਡੀਐਸਬੀ ਐਲੀਮੈਂਟਰੀ ਵਰਚੁਅਲ ਸਕੂਲ ਫੈਮਲੀ ਨਿਊਜ਼ਲੈਟਰ

ਐਲੀਮੈਂਟਰੀ ਵਰਚੁਅਲ ਸਕੂਲ ਦੇ ਸਾਰੇ ਪਰਿਵਾਰਾਂ ਨੂੰ ਨਵਾਂ ਸਾਲ ਮੁਬਾਰਕ!

ਭਾਵੇਂ ਇਸ ਸਾਲ ਦੀ ਸ਼ੁਰੂਆਤ ਚੁਨੌਤੀਜਨਕ ਰਹੀ ਹੈ, ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਵਿਦਿਆਰਥੀ ਅਤੇ ਪਰਿਵਾਰ ਮੌਜੂਦਾ ਹਾਲਾਤਾਂ ਵਿੱਚ ਵਧੀਆ ਪ੍ਰਬੰਧ ਕਰ ਰਹੇ ਹਨ।

ਸਾਡਾ ਕਲਾਸਰੂਮਾਂ ਵਿੱਚ ਹੋਣ ਵਾਲੀਆਂ ਵਧੀਆ ਚੀਜ਼ਾਂ ਬਾਰੇ ਸੁਣਨਾ ਜਾਰੀ ਹੈ ਅਤੇ ਅਸੀਂ ਪ੍ਰਭਾਵਿਤ ਹਾਂ ਕਿ ਵਿਦਿਆਰਥੀ ਕਿੰਨੇ ਦ੍ਰਿੜ੍ਹ ਰਹੇ ਹਨ। ਐਲੀਮੈਂਟਰੀ ਵਰਚੁਅਲ ਸਕੂਲ ਦੇ ਸਾਰੇ ਸਟਾਫ ਵਲੋਂ ਅਸੀਂ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਉਨ੍ਹਾਂ ਦੀ ਨਿਰੰਤਰ ਜਾਰੀ ਸਾਂਝੀਦਾਰੀ ਲਈ ਧੰਨਵਾਦ ਵੀ ਦੇਣਾ ਚਾਹਵਾਂਗੇ ਜਿਵੇਂ ਅਸੀਂ ਇਕੱਠੇ ਮਿਲ ਕੇ ਔਨਲਾਈਨ ਲਰਨਿੰਗ ਵਾਤਾਵਰਨ ਵਿੱਚੋਂ ਲੰਘਦੇ ਹਾਂ।

ਹੋਰ ਜਾਣਕਾਰੀ ਅਤੇ ਅੱਪਡੇਟਾਂ ਲਈ, ਕਿਰਪਾ ਕਰਕੇ www.tdsb.on.ca/virtualschool 'ਤੇ ਜਾਓ ਅਤੇ ਟਵਿਟਰ 'ਤੇ @tdsbvs 'ਤੇ ਫਾਲੋ ਕਰੋ।

## ਮਾਨਸਿਕ ਸਿਹਤ ਅਤੇ ਕੁਸ਼ਲਤਾ: ਸਕੂਨ ਲੱਭਣਾ

ਸਾਡੇ ਰੋਜ਼ਾਨਾ ਜੀਵਨਾਂ ਵਿੱਚ ਸਕੂਨ ਲੱਭਣਾ ਚੁਨੌਤੀਜਨਕ ਹੋ ਸਕਦਾ ਹੈ, ਖਾਸ ਕਰਕੇ ਉਸ ਵੇਲੇ ਜਦੋਂ ਅਸੀਂ ਵਰਚੂਲ ਲਰਨਿੰਗ ਵਿੱਚ ਹਿੱਸਾ ਲੈਣ ਲਈ ਇੰਨ੍ਹਾਂ ਸਮਾਂ ਔਨਲਾਈਨ ਬਿਤਾਉਂਦੇ ਹਾਂ। ਸਕੂਨ ਆਪਣੀ ਦੇਖਭਾਲ ਕਰਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ – ਆਪਣੇ ਆਪ ਲਈ ਇੱਕ ਪਲ ਕਢਣਾ ਸਾਡੇ ਧਿਆਨ ਨੂੰ ਮੁੜ ਕੇ ਕੇਂਦ੍ਰਿਤ ਕਰਨ ਅਤੇ ਸਾਡੀ ਊਰਜਾ ਨੂੰ ਬਹਾਲ ਕਰਨ ਵਿੱਚ ਸਹਾਇਤਾ ਕਰਦਾ ਹੈ।

ਇਹ ਤੁਹਾਡੇ ਦਿਨ ਵਿੱਚ ਸਕੂਨ ਲੱਭਣ ਲਈ ਸਕੂਲ ਮੈਂਟਲ ਹੈਲਥ ਓਨਟੈਰਿਓ ਵਲੋਂ ਕੁਝ ਵਿਚਾਰ ਹਨ।

ਜੇ ਤੁਹਾਡੇ ਕੋਲ **ਇੱਕ ਮਿੰਟ** ਹੈ:

**ਗਰਾਉਂਡਿਡ ਹੋਵੋ।** ਠਹਿਰੋ। ਆਪਣੇ ਪੈਰਾਂ ਨੂੰ ਆਪਣੇ ਜੁੱਤਿਆਂ ਵਿੱਚ ਮਹਿਸੂਸ ਕਰੋ। ਜੇ ਬੈਠੇ ਹੋਏ ਹੋ, ਤਾਂ ਆਪਣੇ ਪੈਰਾਂ ਨੂੰ ਹਲਕੇ ਜਿਹੇ ਫਰਸ਼ ਦੇ ਵਿਰੁੱਧ ਧੱਕੋ।

**ਯਾਦ ਕਰੋ।** ਉਹ ਕੌਣ ਹੈ ਜਿਸ ਕਰਕੇ ਤੁਹਾਡੇ ਚਿਹਰੇ ਤੇ ਮੁਸਕਾਨ ਆਉਂਦੀ ਹੈ? ਇੱਕ ਜਾਂ ਦੋ ਪਲਾਂ ਵਾਸਤੇ ਉਨ੍ਹਾਂ ਨੂੰ ਖਿਆਲ ਵਿੱਚ ਲਿਆਓ।

ਜੇ ਤੁਹਾਡੇ ਕੋਲ **ਪੰਜ ਮਿੰਟ** ਹਨ:

**ਧੰਨਵਾਦ ਕਰੋ।** ਇੱਕ ਦੋਸਤ ਨੂੰ ਟੈਕਸਟ ਕਰੋ ਅਤੇ ਉਨ੍ਹਾਂ ਨੂੰ ਕੁਝ ਅਜਿਹੇ ਲਈ ਧੰਨਵਾਦ ਕਰੋ ਜੋ ਉਨ੍ਹਾਂ ਨੇ ਤੁਹਾਡੇ ਲਈ ਕੀਤਾ।

**ਸੁਣੋ।** ਕੀ ਤੁਹਾਡਾ ਕੋਈ ਪਸੰਦੀਦਾ ਗਾਣਾ ਹੈ ਜਿਹੜਾ ਤੁਸੀਂ ਵਿਸ਼ਰਾਮ ਕਰਨ ਵੇਲੇ ਸੁਣਦੇ ਹੋ? ਪਲੇ ਦਬਾਓ!

**ਪਲ ਵਿੱਚ ਹੋਵੋ।** ਔਨਲਾਈਨ ਇੱਕ ਮੁਫਤ ਨਿਰਦੇਸ਼ਿਤ ਮਾਇੰਡਫੁੱਲਨੈਸ/ਚਿੰਤਨ (meditation) ਲੱਭੋ। ਅਜਿਹਾ ਸਟਾਈਲ ਲੱਭੋ ਜਿਹੜਾ ਤੁਹਾਡੇ ਅਨੁਕੂਲ ਹੋਵੇ।

**ਸਫ਼ਾਈ ਕਰੋ।** ਆਪਣੇ ਟਾਈਮਰ ਨੂੰ 5 ਮਿੰਟਾਂ ਲਈ ਸੈੱਟ ਕਰੋ ਅਤੇ ਆਪਣੇ ਕੰਮ ਦੇ ਸਥਾਨ ਨੂੰ ਸਾਫ਼ ਕਰਨ ਲਈ ਬ੍ਰੇਕ ਲਓ।

ਜੇ ਤੁਹਾਡੇ ਕੋਲ **10 ਮਿੰਟ** ਹਨ:

**ਜਰਨਲ।** ਅਜਿਹੀਆਂ 10 ਚੀਜ਼ਾਂ ਲਿਖੋ ਜਿੰਨ੍ਹਾਂ ਦੇ ਲਈ ਤੁਸੀਂ ਸ਼ੁਕਰਗੁਜ਼ਾਰ ਹੋ।

**ਚੁਸਕੀ ਲਗਾਓ । ਸੁਆਦ ਲਓ।** ਆਪਣੀ ਪਸੰਦੀਦਾ ਚਾਹ ਜਾਂ ਹੋਰ ਪੇਅ ਪਦਾਰਥ ਦਾ ਕੱਪ ਤਿਆਰ ਕਰੋ ਅਤੇ ਉਸਦਾ ਅਨੰਦ ਮਾਣੋ।

**ਵੌਕ ਇਟ ਆਉਟ (Walk It Out)।** ਬਲਾਕ ਦੁਆਲੇ ਸੈਰ ਕਰੋ।

**ਨੱਚੋ।** ਕੋਈ ਪਸੰਦੀਦਾ ਗਾਣਾ ਹੈ ਜਿਸ ਕਰਕੇ ਤੁਸੀਂ ਨੱਚਣਾ ਚਾਹੁੰਦੇ ਹੋ। ਪਲੇ ਦਬਾਓ। ਦੋਹਰਾਓ।

ਜੇ ਤੁਹਾਡੇ ਕੋਲ **30 ਜਾਂ ਉਸ ਤੋਂ ਵੱਧ** ਮਿੰਟ ਹਨ:

**ਦੋਸਤ ਨੂੰ ਫੋਨ ਕਰੋ।** ਉਨ੍ਹਾਂ ਨੂੰ ਪੁੱਛੋ ਕਿ ਉਹ ਕਿਵੇਂ ਮਹਿਸੂਸ ਕਰ ਰਹੇ ਹਨ। ਆਪਣੇ ਵਿਚਾਰ ਅਤੇ ਤਜਰਬੇ ਵੀ ਸਾਂਝੇ ਕਰੋ।

**ਪਸੀਨਾ ਬਹਾਓ।** ਤੁਰੋ, ਦੌੜੋ, ਵੇਟ (weights) ਕਰੋ। ਤੁਸੀਂ ਚੁਣੋ।

**ਸਟ੍ਰੈਚ ਇਟ ਆਉਟ (Stretch It Out)।** ਔਨਲਾਈਨ ਮੁਫਤ ਯੋਗਾ ਕਲਾਸ ਭਾਲੋ।

**ਹੱਸੋ।** ਮਜ਼ਾਕੀਆ ਫਿਲਮ, ਸ਼ੋ ਜਾਂ ਯੂਟਿਊਬ ਵੀਡੀਓ ਦੇਖੋ।

ਤੁਹਾਡੀ ਮਾਨਸਿਕ ਸਿਹਤ ਅਤੇ ਕੁਸ਼ਲਤਾ ਨੂੰ ਸਹਾਰਾ ਦੇਣ ਲਈ ਹੋਰ ਸਾਧਨ ਜਾਂਚੋ।

ਜਨਵਰੀ 2021

## ਟੀਡੀਐਸਬੀ ਔਨਲਾਈਨ ਲਰਨਿੰਗ: ਗੂਗਲ ਮੀਟ ਅਤੇ ਜ਼ੂਮ ਸੁਰੱਖਿਆ ਫੀਚਰ

ਵਿਦਿਆਰਥੀਆਂ ਦੀ ਸੁਰੱਖਿਆ ਟੀਡੀਐਸਬੀ ਵਿੱਚ ਇੱਕ ਪ੍ਰਾਥਮਿਕਤਾ ਹੈ ਅਤੇ ਅਸੀਂ ਸਾਰੇ ਔਨਲਾਈਨ ਲਰਨਿੰਗ ਸੈਸ਼ਨਾਂ ਅਤੇ ਭਾਗ ਲੈਣ ਦੌਰਾਨ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਹ ਸਾਰਾ ਕੁਝ ਕਰ ਰਹੇ ਹਾਂ ਜੋ ਅਸੀਂ ਕਰ ਸਕਦੇ ਹਾਂ।

ਸਾਰੇ ਟੀਡੀਐਸਬੀ ਅਧਿਆਪਕ, ਪ੍ਰਿੰਸੀਪਲ ਅਤੇ ਵਾਇਸ ਪ੍ਰਿੰਸੀਪਲ ਗੂਗਲ ਮੀਟ ਜਾਂ ਜ਼ੂਮ ਵੈੱਬ ਕੌਨਫਰੰਸਿੰਗ ਟੂਲ ਵਰਤਣ ਦੌਰਾਨ ਲਏ ਜਾਣ ਵਾਲੇ ਆਵੱਸ਼ਕ ਉਪਾਵਾਂ ਬਾਰੇ ਜਾਣੂ ਹਨ ਅਤੇ ਅਣਚਾਹੇ ਵਿਅਕਤੀਆਂ ਦੇ ਕਲਾਸ ਮੀਟਿੰਗਾਂ ਵਿੱਚ ਦਾਖਲ ਹੋਣ ਨੂੰ ਰੋਕਣ ਲਈ ਹੇਠਾਂ ਦਿੱਤੇ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਦੇ ਹਨ:

- **ਗੂਗਲ ਮੀਟ**: ਮੇਜ਼ਬਾਨ/ਅਧਿਆਪਕ ਗੈਰ-ਟੀਡੀਐਸਬੀ ਲੋਕਾਂ ਨੂੰ ਮੀਟਿੰਗਾਂ ਵਿੱਚ ਦਾਖਲ ਹੋਣ ਤੋਂ ਅਯੋਗ ਕਰ ਸਕਦਾ ਹੈ। ਜੇ ਆਵੱਸ਼ਕ ਹੋਵੇ, ਤਾਂ ਉਹ ਭਾਗ ਲੈਣ ਵਾਲਿਆਂ ਵਾਸਤੇ ਸਕ੍ਰੀਨ ਸ਼ੇਅਰਿੰਗ ਅਤੇ ਚੈਟ ਨੂੰ ਬੰਦ ਵੀ ਕਰ ਸਕਦੇ ਹਨ।
- **ਜ਼ੂਮ**: ਮੇਜ਼ਬਾਨ/ਅਧਿਆਪਕ ਵੇਟਿੰਗ ਰੂਮਾਂ ਨੂੰ ਚਾਲੂ ਕਰ ਸਕਦਾ ਹੈ ਅਤੇ ਗੈਰ-ਟੀਡੀਐਸਬੀ ਲੋਕਾਂ ਨੂੰ ਮੀਟਿੰਗਾਂ ਵਿੱਚ ਦਾਖਲ ਹੋਣ ਤੋਂ ਰੋਕ ਸਕਦਾ ਹੈ। ਮੀਟਿੰਗ ਦੇ ਅੰਦਰ ਹੀ ਕਈ ਸਾਰੇ ਸੁਰੱਖਿਆ ਕੰਟ੍ਰੋਲ (ਉਦਾਹਰਣ ਲਈ ਆਵਾਜ਼ ਬੰਦ ਕਰ ਦੇਣਾ, ਭਾਗ ਲੈਣ ਵਾਲਿਆਂ ਨੂੰ ਹਟਾਉਣਾ, ਆਦਿ) ਵੀ ਉਪਲਬਧ ਹਨ।

ਜੇ ਇੱਕ ਅਧਿਆਪਕ ਅਤੇ/ਜਾਂ ਕਲਾਸ ਗੂਗਲ ਮੀਟ ਜਾਂ ਜ਼ੂਮ ਸੈਸ਼ਨ ਦੇ ਦੌਰਾਨ ਕਿਸੇ ਸੁਰੱਖਿਆ ਸੰਬੰਧੀ ਸਮੱਸਿਆ ਦਾ ਸਾਮ੍ਹਣਾ ਕਰਦੇ ਹਨ, ਤਾਂ ਪ੍ਰਿੰਸੀਪਲ ਅਤੇ ਆਈਟੀ ਸੇਵਾਵਾਂ ਨੂੰ ਤੁਰੰਤ ਸੂਚਿਤ ਕੀਤਾ ਜਾਂਦਾ ਹੈ ਤਾਂ ਕਿ ਸਮੱਸਿਆ ਦੀ ਪੜਤਾਲ ਕੀਤੀ ਜਾ  ਸਕੇ ਅਤੇ ਸਹਾਇਤਾ ਮੁਹੱਈਆ ਕੀਤੀ ਜਾ ਸਕੇ। ਔਨਲਾਈਨ ਲਰਨਿੰਗ ਦੇ ਇਸ ਸਮੇਂ ਵਿੱਚ, ਸਾਡੇ ਸਾਰਿਆਂ ਲਈ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਣਥੱਕ ਰਹਿਣਾ ਅਤੇ ਇਕੱਠੇ ਮਿਲ ਕੇ ਕੰਮ ਕਰਨਾ ਜਾਰੀ ਰੱਖਣਾ ਜ਼ਰੂਰੀ ਹੈ।

## ਉਪਸਥਿਤੀ ਅਤੇ ਸੁਰੱਖਿਅਤ ਆਗਮਨ (Safe Arrival)

ਯਾਦ-ਦਹਾਨੀ ਵਜੋਂ, ਵਿਦਿਆਰਥੀਆਂ ਦੀ ਉਪਸਥਿਤੀ ਦਾ ਟ੍ਰੈਕ ਰੱਖਣ ਵਿੱਚ ਸਹਾਇਤਾ ਕਰਨ ਲਈ ਆਟੋਮੇਟਿਡ ਰੋਜ਼ਾਨਾ ਕਾਲ-ਆਉਟਾਂ ਦੇ ਲਾਗੂ ਕੀਤੇ ਜਾਣ ਨੂੰ ਸਥਗਿਤ ਕਰ ਦਿੱਤਾ ਗਿਆ ਹੈ। ਓਨਟੈਰਿਓ ਵਿੱਚ ਐਮਰਜੈਂਸੀ ਦੀ ਮੌਜੂਦਾ ਘੋਸ਼ਣਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਪਰਿਵਰਾਂ ਲਈ ਅਜਿਹੇ ਸਮੇਂ ਦੌਰਾਨ ਵਾਧੂ ਤਣਾਅ ਦਾ ਕਾਰਨ ਨਹੀਂ ਬਣਨਾ ਚਾਹੁੰਦੇ ਜਦੋਂ ਹਰ ਕੋਈ ਜੀਵਨ, ਕੰਮ, ਰਿਮੋਟ ਲਰਨਿੰਗ, ਚਾਇਲਡ ਕੇਅਰ ਅਤੇ ਹੋਰ ਅਣਗਿਣਤ ਚੀਜ਼ਾਂ ਨੂੰ ਸੰਤੁਲਿਤ ਕਰਨ ਲਈ ਕੰਮ ਕਰ ਰਿਹਾ ਹੈ। ਸਾਰੇ ਅਧਿਆਪਕਾਂ ਦੁਆਰਾ ਦਿਨ ਵਿੱਚ ਦੋ ਵਾਰੀ ਹਾਜ਼ਰੀ ਲੈਣਾ ਜਾਰੀ ਹੈ। ਸ਼ੁਰੂਆਤ ਦੀ ਤਰੀਕ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ ਹੋਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

## ਵਰਚੁਅਲ ਸਕੂਲਾਂ ਦੀਆਂ ਸਟਾਫ ਡਾਇਰੈਕਟਰੀਆਂ

ਵਰਚੁਅਲ ਸਕੂਲ ਪ੍ਰਬੰਧਕੀ ਟੀਮ ਡਾਇਰੈਕਟਰੀਆਂ ਔਨਲਾਈਨ ਉਪਲਬਧ ਹਨ ਅਤੇ ਉਨ੍ਹਾਂ ਨੂੰ ਨਿਰੰਤਰ ਅਧਾਰ 'ਤੇ ਅਪਡੇਟ ਕੀਤਾ ਜਾਂਦਾ ਹੈ। ਇਸ ਜਨਵਰੀ ਵਿੱਚ ਕਈ ਨਵੇਂ ਸਟਾਫ ਮੈਂਬਰਾਂ ਦਾ ਟੀਮਾਂ ਵਿੱਚ ਸਵਾਗਤ ਕੀਤਾ ਗਿਆ ਹੈ। ਨਵੀਨਤਮ ਡਾਇਰੈਕਟਰੀਆਂ ਵਾਸਤੇ ਕਿਰਪਾ ਕਰਕੇ ਹੇਠਾਂ ਸਾਂਝੇ ਕੀਤੇ ਗਏ ਲਿੰਕਾਂ ਨੂੰ ਦੇਖਣਾ ਜਾਰੀ ਰੱਖੋ। ਹਰੇਕ ਲਰਨਿੰਗ ਸੈਂਟਰ ਵਿੱਚ ਐਲੀਮੈਂਟਰੀ ਵਾਇਸ-ਪ੍ਰਿੰਸੀਪਲ ਅਤੇ ਪ੍ਰਿੰਸੀਪਲਾਂ ਨੂੰ ਗਰੇਡ ਦੇ ਅਧਾਰ 'ਤੇ ਮਨੋਨੀਤ ਕੀਤਾ ਗਿਆ ਹੈ।

ਲਰਨਿੰਗ ਸੈਂਟਰ 1 ਵਰਚੁਅਲ ਐਲੀਮੈਂਟਰੀ ਸਕੂਲ
ਲਰਨਿੰਗ ਸੈਂਟਰ 2 ਵਰਚੁਅਲ ਐਲੀਮੈਂਟਰੀ ਸਕੂਲ
ਲਰਨਿੰਗ ਸੈਂਟਰ 3 ਵਰਚੁਅਲ ਐਲੀਮੈਂਟਰੀ ਸਕੂਲ
ਲਰਨਿੰਗ ਸੈਂਟਰ 4 ਵਰਚੁਅਲ ਐਲੀਮੈਂਟਰੀ ਸਕੂਲ

## ਰੀਮਾਈਂਡਰ: ਵਰਚੁਅਲ ਸਕੂਲ ਆਚਾਰ ਸੰਹਿਤਾ

ਭਾਵੇਂ ਵਰਚੂਅਲ ਲਰਨਿੰਗ ਘਰ ਵਿੱਚ ਹੋ ਰਹੀ ਹੈ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਤਾ-ਪਿਤਾ/ਸਪਰ੍ਰਸਤਾਂ ਦੀਆਂ ਉਹੀ ਜ਼ਿੰਮੇਵਾਰੀਆਂ ਅਤੇ ਅਪੇਖਿਆਵਾਂ ਲਾਗੂ ਹੁੰਦੀਆਂ ਹਨ ਜਿਹੜੀਆਂ ਇਨ-ਪਰਸਨ ਲਰਨਿੰਗ ਲਈ ਹੁੰਦੀਆਂ ਹਨ। ਇਸ ਵਿੱਚ ਬੋਰਡ ਦੀਆਂ ਮੌਜੂਦਾ ਨੀਤੀਆਂ ਅਤੇ ਕਾਰਜਵਿਧੀਆਂ ਜਿਵੇਂ ਕਿ ਟੀਡੀਐਸਬੀ ਔਨਲਾਈਨ ਕੋਡ ਔਫ ਕਾਨਡਕਟ ਸ਼ਾਮਲ ਹਨ।

ਕਿਰਪਾ ਕਰਕੇ ਟੀਡੀਐਸਬੀ ਵਰਚੁਅਲ ਸਕੂਲਜ਼ ਔਨਲਾਈਨ ਕੋਡ ਔਫ ਕਾਨਡਕਟ, ਦੀ ਵੀ ਸਮੀਖਿਆ ਕਰੋ ਜਿਹੜਾ ਸਕੂਲਾਂ/ਸਿੱਖਿਅਕਾਂ,

ਵਿਦਿਆਰਥੀਆਂ ਅਤੇ ਮਾਤਾ-ਪਿਤਾ/ਸਪਰ੍ਰਸਤਾਂ ਲਈ ਸੇਧਾਂ ਅਤੇ ਅਪੇਖਿਆਵਾਂ ਮੁਹੱਈਆ ਕਰਦਾ ਹੈ।

## ਜਨਵਰੀ ਤਾਮਿਲ ਵਿਰਾਸਤ ਮਹੀਨਾ ਹੈ

ਤਾਮਿਲ ਵਿਰਾਸਤ ਮਹੀਨਾ (Tamil Heritage Month) ਅਕਤੂਬਰ 2016 ਤੋਂ ਰਾਸ਼ਟਰੀ ਤੌਰ 'ਤੇ, ਮਾਰਚ 2004 ਤੋਂ ਸੂਬਾਈ ਤੌਰ 'ਤੇ ਅਤੇ ਟੀਡੀਐਸਬੀ ਦੁਆਰਾ ਜਨਵਰੀ 2016 ਤੋਂ ਮਾਨਤਾ ਪ੍ਰਾਪਤ ਹੈ। ਜਨਵਰੀ ਦਾ ਮਹੀਨਾ ਇਸ ਕਰਕੇ ਚੁਣਿਆ ਗਿਆ ਸੀ ਕਿਉਂਕਿ ਇਹ ਤਾਮਿਲ ਵਿਰਾਸਤ ਦੇ ਕਨੇਡੀਅਨ ਲੋਕਾਂ ਦੇ ਲਈ ਸਭ ਤੋਂ ਮਹੱਤਵਪੂਰਨ ਉਤਸਵਾਂ ਵਿੱਚੋਂ ਇੱਕ, ਥਾਏ ਪੋਂਗਲ ਹਾਰਵੇਸਟ ਫੈਸਟੀਵਲ, ਦੇ ਨਾਲ ਇੱਕੋ ਹੀ ਸਮੇਂ ਤੇ ਆਉਂਦਾ ਹੈ। ਦੁਨੀਆਂ ਭਰ ਵਿੱਚ ਲੱਖਾਂ ਤਾਮਿਲ ਲੋਕ ਉਨ੍ਹਾਂ ਦੇ ਧਰਮ ਦਾ ਧਿਆਨ ਕੀਤੇ ਬਿਨਾਂ ਥਾਏ ਪੋਂਗਲ ਦਾ ਜਸ਼ਨ ਮਨਾਉਂਦੇ ਹਨ ਅਤੇ ਭਰਪੂਰ ਵਾਢੀ ਵਾਸਤੇ ਧੰਨਵਾਦ ਪੇਸ਼ ਕਰਦੇ ਹਨ।

ਇਸ ਸਾਲ, ਵਲੰਟੀਅਰ ਪਲੈਨਿੰਗ ਕਮੇਟੀ ਦੁਆਰਾ ਚੁਣਿਆ ਗਿਆ ਵਿਸ਼ਾ **உண்மை - உரிமை – ஒற்றுமை: ਸੱਚਾਈ – ਹੱਕ – ਏਕਤਾ** ਹੈ। **ਉਨਮਾਇ (Unmai) (உண்மை)** ਇਸ ਗੱਲ ਨੂੰ ਮਾਨਤਾ ਦਿੰਦਾ ਹੈ ਕਿ ਸਾਡੇ ਜੀਏ ਗਏ ਤਜਰਬੇ ਸਾਡੀਆਂ ਸੱਚਾਈਆਂ ਹਨ ਅਤੇ ਇਹ ਸੱਚਾਈਆਂ ਸਾਡੇ ਆਲੇ ਦੁਆਲੇ ਦੀ ਦੁਨੀਆਂ ਬਾਰੇ ਸਾਡੀ ਸਮਝ ਨੂੰ ਸਰੂਪ ਦਿੰਦੀਆਂ ਹਨ। ਹੋਰ ਜਾਣੋ।

## 2021-22 ਲਈ ਵਿਕਲਪਿਕ ਉਪਸਥਿਤੀ

ਇਸ ਮਹੀਨੇ ਦੀ ਸ਼ੁਰੂਆਤ ਵਿੱਚ, ਪਰਿਵਾਰਾਂ ਨੂੰ ਇਸ ਬਾਰੇ ਸਪਸ਼ਟੀਕਰਨ ਪ੍ਰਦਾਨ ਕਰਨ ਲਈ ਇੱਕ ਈਮੇਲ ਸੰਚਾਰ ਭੇਜਿਆ ਗਿਆ ਸੀ ਕਿ ਮੌਜੂਦਾ ਸੂਬਾਈ ਸਟੇਟ ਔਫ ਐਮਰਜੈਂਸੀ ਹਾਲਾਤਾਂ ਦੀਆਂ ਬੰਦਸ਼ਾਂ ਹੇਠ ਵਿਕਲਪਿਕ ਉਪਸਥਿਤੀ ਲਈ ਕਿਵੇਂ ਅਪਲਾਈ ਕਰਨਾ ਹੈ। ਇਸ ਪ੍ਰਕਿਰਿਆ ਵਿੱਚ ਫੇਰ ਬਦਲ ਯਕੀਨੀ ਬਣਾਉਣਗੇ ਕਿ ਉਹ ਸਾਰੇ ਵਿਦਿਆਰਥੀ/ਪਰਿਵਾਰ ਜੋ 2021-2022 ਸਕੂਲੀ ਸਾਲ ਲਈ ਕਿਸੇ ਹੋਰ ਸਕੂਲ ਜਾਂ ਪ੍ਰੋਗਰਾਮ ਨੂੰ ਅਪਲਾਈ ਕਰਨਾ ਚਾਹੁੰਦੇ ਹਨ,ਅਜਿਹਾ ਕਰਨ ਦੇ ਯੋਗ ਹਨ। ਹੋਰ ਪੜ੍ਹੋ।

## ਕਿੰਡਰਗਾਰਟਨ ਰਜਿਸਟ੍ਰੇਸ਼ਨ

ਫਰਵਰੀ ਟੀਡੀਐਸਬੀ ਵਿੱਚ ਕਿੰਡਰਗਾਰਟਨ ਰਜਿਸਟ੍ਰੇਸ਼ਨ ਦਾ ਮਹੀਨਾ ਹੈ! ਹੋਰ ਜਾਣਕਾਰੀ ਅਤੇ ਇਸ ਸਾਲ ਰਜਿਸਟ੍ਰੇਸ਼ਨ ਵਿਕਲਪਾਂ ਬਾਰੇ ਜਾਣਨ ਲਈ, ਕਿਰਪਾ ਕਰਕੇ www.tdsb.on.ca/kindergarten 'ਤੇ ਜਾਓ।

## ਖ਼ਬਰਾਂ ਵਿੱਚ ਵਰਚੁਅਲ ਸਕੂਲ

ਟੀਡੀਐਸਬੀ ਐਲੀਮੈਂਟਰੀ ਵਰਚੁਅਲ ਸਕੂਲ ਬਾਰੇ ਕੁਝ ਦਿਲਚਸਪ ਕਹਾਣੀਆਂ ਦੇਖੋ:

- CTV: Front-line workers join Grade 1 virtual class
- CTV News at 6
- CBC Metro Morning: Virtual gym class gets creative

## ਤਕਨੀਕੀ ਮੁੱਦੇ

ਵਰਚੁਅਲ ਲਰਨਿੰਗ ਆਈਟੀ ਸਪੋਰਟ ਤੱਕ ਪਹੁੰਚ ਪ੍ਰਾਪਤ ਕਰਨ ਲਈ, www.tdsb.on.ca/In-Person-Learning/Student-Virtual-Learning-IT-Support 'ਤੇ ਜਾਓ।

## ਨਿਰੰਤਰ ਪੇਸ਼ੇਵਰ ਸਿਖਲਾਈ

ਅਧਿਆਪਕਾਂ ਦਾ ਹੇਠਾਂ ਦਿੱਤੇ ਉਦਾਹਰਣਾਂ ਸਮੇਤ, ਚਾਰੋ ਵਰਚੁਅਲ ਸਕੂਲ ਲਰਨਿੰਗ ਸੈਂਟਰਾਂ ਵਿੱਚ ਪੇਸ਼ੇਵਰ ਸਿਖਲਾਈ ਦੇ ਅਵਸਰਾਂ ਵਿੱਚ ਭਾਗ ਲੈਣਾ ਜਾਰੀ ਹੈ:

- ਨਿਰੰਤਰ ਵਿਅਕਤੀਗਤ ਕੋਚਿੰਗ-ਮੈਂਟਰਿੰਗ
- ਅਰਲੀ ਰੀਡਿੰਗ ਇੰਟਰਵੈਨਸ਼ਨ ਟ੍ਰੇਨਿੰਗ (Early Reading Intervention Training)
- ਸਮਾਵੇਸ਼ ਲਈ ਪੜ੍ਹਨਾ (Reading for Inclusion)
- ਸਹਾਇਕ ਤਕਨਾਲੋਜੀ
- ਕੋਰ ਫਰੈਂਚ ਵਿੱਚ ਇਕੁਇਟੀ ਅਤੇ ਸਮਾਵੇਸ਼
- ਫਰੈਂਚ ਇਮਰਸ਼ਨ ਵਿੱਚ ਨਵੇਂ ਸਾਖਰਤਾ ਸਾਧਨ
- ਕਲਾ ਵਰਕਸ਼ਾਪਾਂ
- ਕਿਸ਼ੋਰਾਂ ਦੀ ਸਿਹਤ ਅਤੇ ਤੰਦਰੁਸਤੀ
- ਸਿਖਾਂਦਰੂਆਂ ਲਈ ਕੋਡਿੰਗ (Coding for Beginners)
- ਅਤੇ ਹੋਰ ਬਹੁਤ ਸਾਰੇ!